aglasem.com

FOR PUNJAB CLASS 12 PREPARATION

# PSEB 12th Sample Paper 2027 PUNJABI Elective

| EXAM | YEAR | TYPE | SUBJECT |
| --- | --- | --- | --- |
| Punjab Class 12 | 2027 | Sample Paper | Punjabi |

# ਪੰਜਾਬ ਸਕੂਲ ਸਿੱਖਿਆ ਬੋਰਡ
# ਸ਼੍ਰੇਣੀ ਬਾਰ੍ਹਵੀਂ ਚੋਣਵੀਂ ਪੰਜਾਬੀ
# ਨਮੂਨਾ ਪ੍ਰਸ਼ਨ-ਪੱਤਰ 2026-27

**ਸਮਾਂ: 3 ਘੰਟੇ** **ਕੁੱਲ ਅੰਕ: 80**

**ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ:** **20x1=20**

**ਭਾਗ (ੳ) ਇੱਕ ਦੋ ਸ਼ਬਦਾਂ ਵਿੱਚ ਉੱਤਰਾਂ ਵਾਲ਼ੇ ਪ੍ਰਸ਼ਨ:** **5x1=5**

1. 'ਚੰਡੀ ਦੀ ਵਾਰ' ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਯੁੱਗ ਦੀ ਮਿਥਿਹਾਸਿਕ ਕਥਾ ਨੂੰ ਆਧਾਰ ਬਣਾਇਆ ਹੈ?
2. ਜੈ ਜਾਵੰਤੀ ਰਾਗ ਵਿੱਚ ਕਿਸ ਗੁਰੂ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?
3. ਸਰਦਾਰਾ ਸਿੰਘ ਜੌਹਲ ਦੀ ਸ੍ਵੈ-ਜੀਵਨੀ ਦਾ ਨਾਂ ਕੀ ਹੈ ?
4. ਪੰਜਾਬੀ ਵਿੱਚ ਸਫ਼ਰਨਾਮਾ-ਰੂਪ ਦਾ ਮੁੱਢ ਕਿਸ ਸਫ਼ਰਨਾਮੇ ਨਾਲ਼ ਬੱਝਦਾ ਹੈ ?
5. ਹੇਠ ਲਿਖੀਆਂ ਕਾਵਿ-ਸਤਰਾਂ ਵਿੱਚ ਕਿਸ ਅਲੰਕਾਰ ਦੀ ਵਰਤੋਂ ਹੋਈ ਹੈ:

   ਭਾਉ ਭਗਤਿ ਭਉ ਭੇਲ, ਸਾਧ ਸਰੇਸਿਆ।
   ਨਿੱਤ ਨਿੱਤ ਨਵਲ ਨਵੇਲ ਗੁਰਮੁਖ ਭੇਸਿਆ।

**ਭਾਗ (ਅ) ਬਹੁ-ਚੋਣਵੇਂ ਪ੍ਰਸ਼ਨ:** **5x1=5**

1. ਵਜੀਦ ਜੀ ਨੇ ਸੂਫ਼ੀਆਂ ਦੇ ਕਿਸ ਫ਼ਿਰਕੇ ਦੀ ਬੁਨਿਆਦ ਰੱਖੀ ?
   (ੳ) ਚਿਸ਼ਤੀ (ਅ) ਰੌਸ਼ਨੀਆ
   (ਇ) ਮਲਾਮਤੀ (ਸ) ਕਾਦਰੀ
2. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਨਹੀਂ ਹੈ ?
   (ੳ) ਕਿੱਸੇ ਵਿੱਚ ਦੈਵੀ ਘਟਨਾਵਾਂ ਦਾ ਬਿਆਨ ਹੁੰਦਾ ਹੈ।
   (ਅ) ਕਿੱਸਾ ਇੱਕ ਸ਼ਿੰਗਾਰ-ਰਸੀ ਰਚਨਾ ਹੁੰਦੀ ਹੈ।
   (ਇ) ਕਿੱਸਾ ਇੱਕ ਪ੍ਰਕਾਰ ਦਾ ਦੁਖਾਂਤਿਕ ਰੁਮਾਂਸ ਹੁੰਦਾ ਹੈ।
   (ਸ) ਕਿੱਸੇ ਦੇ ਨਾਇਕ/ਨਾਇਕਾ ਸਧਾਰਨ ਗੁਣਾਂ ਦੇ ਮਾਲਕ ਹੁੰਦੇ ਹਨ।
3. ਨੌਂਵੀਂ ਜਮਾਤ ਵਿੱਚ ਸਾਹਿਬ ਸਿੰਘ ਨੇ ਕਿਹੜੀ ਭਾਸ਼ਾ ਨਵੇਂ ਮਜ਼ਮੂਨ ਦੇ ਤੌਰ ਉੱਪਰ ਰੱਖਣ ਦਾ ਫ਼ੈਸਲਾ ਲਿਆ?
   (ੳ) ਅੰਗਰੇਜ਼ੀ (ਅ) ਹਿੰਦੀ
   (ਇ) ਸੰਸਕ੍ਰਿਤ (ਸ) ਫ਼ਾਰਸੀ
4. 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ', ਪੰਗਤੀ ਵਿੱਚ ਕਿਹੜਾ ਰਸ ਉਜਾਗਰ ਹੋਇਆ ਹੈ?
   (ੳ) ਸ਼ਾਂਤ ਰਸ (ਅ) ਕਰੁਣਾ ਰਸ
   (ਇ) ਅਦਭੁਤ ਰਸ (ਸ) ਰੌਦਰ ਰਸ
5. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਨਾਵਲ ਦੇ ਤੱਤਾਂ ਵਿੱਚ ਸ਼ਾਮਲ ਨਹੀਂ ਹੈ ?
   (ੳ) ਪਾਤਰ-ਉਸਾਰੀ (ਅ) ਵਾਰਤਾਲਾਪ
   (ਇ) ਰੰਗਮੰਚ (ਸ) ਸਥਾਨਿਕ ਰੰਗਣ

**ਭਾਗ (ਇ) ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:** **5x1=5**

1. ਨਜਾਬਤ ਦੀ ਵਾਰ ਵਿੱਚ ਦੇਸੀ ਮਹੀਨਿਆਂ ਅੱਸੂ ਅਤੇ ਭਾਦਰੋਂ ਦਾ ਜ਼ਿਕਰ ਹੋਇਆ ਹੈ।
2. ਜੰਗਨਾਮੇ ਵਿੱਚ ਹਮੇਸ਼ਾਂ ਨਾਇਕ ਧਿਰ ਨੂੰ ਹੀ ਜੇਤੂ ਦਿਖਾਇਆ ਜਾਂਦਾ ਹੈ।
3. ਵਣਜਾਰਾ ਬੇਦੀ ਕਾਲਜ ਵਿੱਚ ਡਾ. ਗੁਪਾਲ ਸਿੰਘ ਦਰਦੀ ਤੋਂ ਬਹੁਤ ਪ੍ਰਭਾਵਿਤ ਹੋਇਆ।
4. 'ਪ੍ਰਤੀਕ' ਅਣਦਿਸਦੇ ਦੀ ਪ੍ਰਤਿਨਿਧਤਾ ਕਰਦਾ ਹੈ।
5. ਕੋਰੜਾ ਅਰਬੀ ਭਾਸ਼ਾ ਤੋਂ ਆਇਆ ਛੰਦ ਹੈ।

**ਭਾਗ (ਸ) ਖ਼ਾਲੀ ਥਾਂਵਾਂ ਭਰੋ:** 5x1=5

1. ਕਾਵਿ-ਸਤਰ ਪੂਰੀ ਕਰੋ:
   ਜਿਸੁ ਠਾਕਰੁ ਸਿਉ ਨਾਹੀ ਚਾਰਾ॥ਤਾ ਕਉ ਕੀਜੈ ਸਦ _____।
2. ਵਜੀਦ ਜੀ ਅਨੁਸਾਰ ਗੁੜ ਅਤੇ ਘਿਉ ਨਾਲ਼ ਸਿੰਜਣ ਦੇ ਬਾਵਜੂਦ ਵੀ_____ਮਿੱਠੀ ਨਹੀਂ ਹੁੰਦੀ।
3. ਅਰਪਨਾ ਪੂਰੇ _____ਵਿੱਚੋਂ ਫ਼ਸਟ ਆਈ ਸੀ।
4. ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਪ੍ਰਸਿੱਧ_____ਹੈ।
5. ਮਾਤਰਾ ਦੋ ਕਿਸਮ ਦੀ ਹੁੰਦੀ ਹੈ-ਲਘੂ ਅਤੇ _____।

**ਪ੍ਰਸ਼ਨ 2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:** 2+5=7

(ੳ) ਨਾਲ ਕੁਸੰਗੀ ਸੰਗ ਨਾ ਕਰੀਏ ਕੁਲ ਨੂੰ ਲਾਜ ਨਾ ਲਾਈਏ ਹੂ।
ਤੁੰਮੇ ਤਰਬੂਜ ਮੂਲ ਨ ਹੁੰਦੇ ਤੋੜੇ ਮੱਕੇ ਲੈ ਜਾਈਏ ਹੂ।
ਕਾਂਵਾਂ ਦੇ ਬੱਚੇ ਹੰਸ ਨਾ ਹੋਵਣ ਤੋੜੇ ਮੋਤੀ ਚੋਗ ਚੁਗਾਈਏ ਹੂ।
ਕੌੜੇ ਖੂਹ ਨਾ ਹੁੰਦੇ ਮਿੱਠੇ ਬਾਹੂ ਤੋੜੇ ਸੈ ਮਣਾ ਖੰਡ ਪਾਈਏ ਹੂ।

(ਅ) ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥

**ਪ੍ਰਸ਼ਨ 3. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:** 3 ਅੰਕ

(ੳ) ਇੱਥੇ ਰਹਿਣਾ ਨਾਹੀਂ (ਸ਼ਾਹ ਹੁਸੈਨ)
(ਅ) ਆਖਣੁ ਆਖਿ ਨ ਰਜਿਆ (ਸ੍ਰੀ ਗੁਰੂ ਅੰਗਦ ਦੇਵ ਜੀ)

**ਪ੍ਰਸ਼ਨ 4.** ਪੰਜਾਬੀ ਕਿੱਸਾ ਕਾਵਿ ਦਾ ਸੰਖੇਪ ਵਿਸ਼ਲੇਸ਼ਣ ਕਰਦੇ ਹੋਏ ਇਹ ਦੱਸੋ ਕਿ ਵਾਰਿਸ ਸ਼ਾਹ ਨੂੰ ਕਿੱਸਾ ਕਾਵਿ ਦਾ ਸਿਰਮੌਰ ਕਵੀ ਕਿਉਂ ਮੰਨਿਆ ਜਾਂਦਾ ਹੈ?

ਜਾਂ

ਪੰਜਾਬੀ ਬੀਰ ਕਾਵਿ-ਧਾਰਾ ਦੀਆਂ ਪ੍ਰਾਪਤੀਆਂ ਸੰਬੰਧੀ ਸੰਖੇਪ ਵਿੱਚ ਲਿਖੋ। 10 ਅੰਕ

**ਪ੍ਰਸ਼ਨ 5. ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** 2+1+1=4

ਪਿੰਡ ਥਰਪਾਲ ਦੇ ਚੜ੍ਹਦੇ ਅਤੇ ਲਹਿੰਦੇ ਪਾਸੇ ਛੱਪੜ ਸਨ। ਚੜ੍ਹਦੇ ਪਾਸੇ ਤਾਂ ਇੱਕੋ ਲੰਮਾ ਛੱਪੜ ਸੀ, ਉਸ ਨੂੰ ਲੋਕ 'ਢਾਬ' ਆਖਦੇ ਸਨ। ਲਹਿੰਦੇ ਪਾਸੇ ਤਿੰਨ ਛੱਪੜ ਸਨ, ਆਪੋ ਵਿੱਚ ਉਹਨਾਂ ਦੀ ਵਿੱਥ ਤਿੰਨ-ਚਾਰ ਕਦਮਾਂ ਦੀ ਹੀ ਸੀ। ਲੋਕ ਆਪਣੇ ਘਰਾਂ ਦੀਆਂ ਕੰਧਾਂ ਬਣਾਉਣ ਵੇਲ਼ੇ ਨੇੜਿਓਂ ਹੀ ਮਿੱਟੀ ਪੁੱਟ ਲੈਂਦੇ ਸਨ ਤੇ ਕੋਠਿਆਂ ਦੀ ਲਿਪਾਈ ਵਾਸਤੇ ਭੀ ਉੱਥੋਂ ਗਾਰਾ ਬਣਾ ਲੈਂਦੇ ਸਨ। ਇਸ ਤਰ੍ਹਾਂ ਦੇ ਛੱਪੜ ਤਕਰੀਬਨ ਸਭ ਪਿੰਡਾਂ ਦੇ ਨੇੜੇ ਹੀ ਹੋਇਆ ਕਰਦੇ ਸਨ। ਪਿੰਡ ਵਿੱਚ ਤਿੰਨ ਗਲ਼ੀਆਂ ਸਨ। ਇੱਕ ਗਲ਼ੀ ਪਿੰਡ ਦੇ ਪਹਾੜ ਵਾਲ਼ੇ ਪਾਸੇ ਵੱਲੋਂ ਪਿੰਡ ਵਿੱਚੋਂ ਦੀ ਪਾਰ ਦੱਖਣ ਵਾਲੇ ਪਾਸੇ ਲੰਘ ਜਾਂਦੀ ਸੀ। ਇਸ ਨੂੰ 'ਵਿਚਲੀ ਵਿਹੀ' ਆਖਦੇ ਸਨ। ਤਦੋਂ ਤਾਂ ਸਮਝ

ਨਹੀਂ ਸੀ ਕਿ 'ਵਿਹੀ' ਕਿਸ ਬਲਾ ਦਾ ਨਾਂ ਹੈ ਪਰ ਇਹ ਲਫ਼ਜ਼ ਸੰਸਕ੍ਰਿਤ ਦੇ ਲਫ਼ਜ਼ 'ਵਿਥੀ' ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। 'ਵਿਥੀ' ਦਾ ਅਰਥ ਹੈ 'ਗਲ਼ੀ'। 'ਵਿਚਲੀ ਵਿਹੀ' ਉਹ ਗਲ਼ੀ ਜੋ ਪਿੰਡ ਦੇ ਵਿੱਚੋਂ ਦੀ ਦੁਸਾਰ-ਪਾਰ ਲੰਘਦੀ ਹੋਵੇ।

1. ਉੱਪਰ ਦਿੱਤਾ ਗਿਆ ਪੈਰਾ ਕਿਸ ਸ੍ਵੈਜੀਵਨੀ-ਅੰਸ਼ ਵਿੱਚੋਂ ਲਿਆ ਗਿਆ ਹੈ ਅਤੇ ਇਸ ਦਾ ਲੇਖਕ ਕੌਣ ਹੈ?
2. ਪਿੰਡ ਥਰਪਾਲ ਅੰਦਰ ਪੂਰਬ ਦਿਸ਼ਾ ਵਿੱਚ ਕਿੰਨੇ ਛੱਪੜ ਸਨ?
3. ਪਿੰਡ ਥਰਪਾਲ ਦੀ 'ਵਿਚਲੀ ਵਿਹੀ' ਪਹਾੜ ਵਾਲ਼ੇ ਪਾਸੇ ਤੋਂ ਦੱਖਣ ਵਾਲ਼ੇ ਪਾਸੇ ਲੰਘ ਜਾਂਦੀ ਸੀ। 'ਪਹਾੜ ਵਾਲ਼ਾ ਪਾਸਾ' ਕਿਸ ਦਿਸ਼ਾ ਲਈ ਵਰਤਿਆ ਗਿਆ ਹੈ?

**ਪ੍ਰਸ਼ਨ 6. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ:5x4=20**

(ੳ) 'ਜਿਹੜੀ ਜਾਣ-ਪਛਾਣ ਬਚਪਨ ਵਿੱਚ ਪੱਲੇ ਪੈਂਦੀ ਹੈ, ਉਹੋ ਤੋੜ ਨਿਭਦੀ ਹੈ।' ਪ੍ਰਿੰ. ਤੇਜਾ ਸਿੰਘ ਨੇ ਇਹ ਟਿੱਪਣੀ ਕਿਹੜੇ ਪ੍ਰਸੰਗ ਵਿੱਚ ਕੀਤੀ ਹੈ ?

(ਅ) ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਮਨੁੱਖ ਨੂੰ ਮਨੁੱਖ ਹੋਣ ਦਾ ਪੂਰਾ ਸੁਆਦ ਕਦੋਂ ਆਵੇਗਾ? 'ਮਨੁੱਖ ਨਾਲ਼ ਮਨੁੱਖ ਦਾ ਮੇਲ਼ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ' ਪਾਠ ਦੇ ਆਧਾਰ 'ਤੇ ਉੱਤਰ ਲਿਖੋ।

(ਏ) ਦਿੱਲੀ ਦੇ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ. ਰੰਧਾਵਾ ਨੇ ਪੇਸ਼ਗੀ ਕਿਰਾਇਆ ਦੱਬਣ ਵਾਲ਼ੇ ਲਾਲਾ ਜੀ ਨੂੰ ਕਿਵੇਂ ਸਬਕ ਸਿਖਾਇਆ?

(ਸ) ਸਿੰਬਾ ਦੀ ਜ਼ਿੰਦਗੀ ਦੇ ਅੰਤਲੇ ਦਿਨਾਂ ਬਾਰੇ ਇੱਕ ਨੋਟ ਲਿਖੋ।

(ਹ) ਅੰਮ੍ਰਿਤਾ ਪ੍ਰੀਤਮ ਦੇ ਪਿਤਾ ਜੀ ਦੁਆਰਾ ਸਿੱਖ-ਇਤਿਹਾਸ ਬਾਰੇ ਸਲਾਈਡਜ਼ ਵਿਖਾਉਣ ਦੀ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ਕ) ਲੋਕ-ਸਾਹਿਤ ਇਕੱਤਰ ਕਰਨ ਲਈ ਵਣਜਾਰਾ ਬੇਦੀ ਨੂੰ ਕਿਸ-ਕਿਸ ਤਰ੍ਹਾਂ ਦੇ ਯਤਨ ਕਰਨੇ ਪਏ? 'ਆਪਣੀ ਸੋਚ ਦੇ ਗਹਿਰੇ ਸਾਏ' ਪਾਠ ਦੇ ਆਧਾਰ 'ਤੇ ਦੱਸੋ।

(ਖ) ਸਰਦਾਰਾ ਸਿੰਘ ਜੌਹਲ ਨੂੰ ਸਭ ਤੋਂ ਔਖਾ ਕੰਮ ਕਿਹੜਾ ਲੱਗਦਾ ਸੀ ਅਤੇ ਇਸ ਤੋਂ ਬਚਣ ਲਈ ਉਹ ਕੀ ਅਰਦਾਸ ਕਰਦਾ ਸੀ?

(ਗ) ਧੀ ਦਾ ਬਾਪ ਬਣਨ ਦੀ ਖ਼ਬਰ ਸੁਣ ਕੇ ਦਾਰਾ ਸਿੰਘ ਨੇ ਕੀ ਮਹਿਸੂਸ ਕੀਤਾ? ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰਸ਼ਨ 7. ਹੇਠ ਲਿਖੇ ਸਾਹਿਤ-ਰੂਪਾਂ ਵਿੱਚੋਂ ਕਿਸੇ ਇੱਕ ਸਾਹਿਤ-ਰੂਪ ਉੱਪਰ ਨੋਟ ਲਿਖੋ।** 2+4+1=7

(ੳ) ਨਾਵਲ

(ਅ) ਇਕਾਂਗੀ

(ਏ) ਨਿਬੰਧ

**ਪ੍ਰਸ਼ਨ 8. ਹੇਠ ਲਿਖੇ ਭਾਗਾਂ ਉੱਤੇ ਉਦਾਹਰਨ ਸਹਿਤ ਨੋਟ ਲਿਖੋ।** 3+3+3=9

(ੳ) ਦੋਹਰਾ ਛੰਦ ਜਾਂ ਕੋਰੜਾ ਛੰਦ

(ਅ) ਉਪਮਾ ਅਲੰਕਾਰ ਜਾਂ ਅੱਤਕਥਨੀ ਅਲੰਕਾਰ

(ਏ) ਸ਼ਿੰਗਾਰ ਰਸ ਜਾਂ ਬੀਰ ਰਸ